ਮਿੱਠੇ ਬੱਚੇ:- ਤੁਸੀਂ ਬਹੁਤ ਸਮੇਂ ਦੇ ਬਾਦ ਫਿਰ ਤੋਂ ਬਾਪ ਨੂੰ ਮਿਲੇ ਹੋ ਇਸਲਈ ਤੁਸੀਂ ਬਹੁਤ - ਬਹੁਤ ਸਿਕਿਲੱਧੇ ਹੋ "

ਪ੍ਰਸ਼ਨ:- ਆਪਣੀ ਸਥਿਤੀ ਨੂੰ ਇਕਰਸ ਬਣਾਉਣ ਦਾ ਸਾਧਨ ਕੀ ਹੈ?

ਉੱਤਰ:- ਹਮੇਸ਼ਾ ਯਾਦ ਰੱਖੋ ਜੋ ਸੈਕਿੰਡ ਪਾਸ ਹੋਇਆ, ਡਰਾਮਾ। ਕਲਪ ਪਹਿਲੇ ਵੀ ਇਵੇਂ ਹੀ ਹੋਇਆ ਸੀ। ਹੁਣ ਤਾਂ ਨਿੰਦਾ - ਸਤੂਤੀ, ਮਾਨ - ਅਪਮਾਨ ਸਭ ਸਾਹਮਣੇ ਆਉਂਦਾ ਹੈ ਇਸਲਈ ਆਪਣੀ ਸਥਿਤੀ ਨੂੰ ਇੱਕਰਸ ਬਣਾਉਣ ਦੇ ਲਈ ਪਾਸਟ ਦਾ ਚਿੰਤਨ ਨਾ ਕਰੋ।

ਓਮ ਸ਼ਾਂਤੀ। ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਬਾਪ ਸਮਝਾ ਰਹੇ ਹਨ। ਰੂਹਾਨੀ ਬਾਪ ਦਾ ਨਾਮ ਕੀ ਹੈ? ਸ਼ਿਵਬਾਬਾ। ਉਹ ਸਭ ਰੂਹਾਂ ਦਾ ਬਾਪ ਹੈ। ਸਭ ਰੂਹਾਨੀ ਬੱਚਿਆਂ ਦਾ ਨਾਮ ਕੀ ਹੈ? ਆਤਮਾ। ਜੀਵ ਦਾ ਨਾਮ ਪੈਂਦਾ ਹੈ, ਆਤਮਾ ਦਾ ਨਾਮ ਉਹ ਹੀ ਰਹਿੰਦਾ ਹੈ। ਇਹ ਵੀ ਬੱਚੇ ਜਾਣਦੇ ਹਨ ਸਤਸੰਗ ਢੇਰ ਹਨ। ਇਹ ਹੈ ਸੱਚਾ -ਸੱਚਾ ਸੱਤ ਦਾ ਸੰਗ ਜੋ ਸੱਤ ਬਾਪ ਰਾਜਯੋਗ ਸਿਖਾਕੇ ਸਾਨੂੰ ਸਤਯੁਗ ਵਿੱਚ ਲੈ ਜਾਂਦੇ ਹਨ। ਇਵੇਂ ਹੋਰ ਕੋਈ ਵੀ ਸਤਸੰਗ ਜਾਂ ਪਾਠਸ਼ਾਲਾ ਨਹੀਂ ਹੋ ਸਕਦੀ ਹੈ। ਇਹ ਵੀ ਤੁਸੀਂ ਬੱਚੇ ਜਾਣਦੇ ਹੋ। ਸਾਰਾ ਸ੍ਰਿਸ਼ਟੀ ਚੱਕਰ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਹੈ। ਤੁਸੀਂ ਬੱਚੇ ਹੀ ਸਵਦਰਸ਼ਨ ਚੱਕ੍ਰਧਾਰੀ ਹੋ। ਬਾਪ ਬੈਠ ਸਮਝਾਉਂਦੇ ਹਨ ਇਹ ਸ੍ਰਿਸ਼ਟੀ ਚੱਕਰ ਕਿਵੇਂ ਫਿਰਦਾ ਹੈ। ਕਿਸੇ ਨੂੰ ਵੀ ਸਮਝਾਵੋ ਤਾਂ ਚੱਕਰ ਦੇ ਸਾਹਮਣੇ ਖੜਿਆ ਕਰੋ। ਹੁਣ ਤੁਸੀਂ ਇਸ ਤਰਫ ਜਾਓਗੇ। ਬਾਪ ਜੀਵ ਆਤਮਾਵਾਂ ਨੂੰ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝੋ। ਇਹ ਨਵੀਂ ਗੱਲ ਨਹੀਂ, ਜਾਣਦੇ ਹੋ ਕਲਪ - ਕਲਪ ਸੁਣਦੇ ਹਾਂ, ਹੁਣ ਫਿਰ ਤੋਂ ਸੁਣ ਰਹੇ ਹਾਂ। ਤੁਹਾਡੀ ਬੁੱਧੀ ਵਿੱਚ ਕੋਈ ਵੀ ਦੇਹਧਾਰੀ ਬਾਪ, ਟੀਚਰ, ਗੁਰੂ ਨਹੀਂ ਹੈ। ਤੁਸੀਂ ਜਾਣਦੇ ਹੋ ਵਿਦੇਹੀ ਸ਼ਿਵਬਾਬਾ ਸਾਡਾ ਟੀਚਰ, ਗੁਰੂ ਹੈ। ਹੋਰ ਕੋਈ ਵੀ ਸਤਸੰਗ ਆਦਿ ਵਿੱਚ ਅਜਿਹੀ ਗੱਲ ਨਹੀਂ ਕਰਦੇ ਹੋਣਗੇ। ਮਧੂਬਨ ਤਾਂ ਇਹ ਇੱਕ ਹੀ ਹੈ। ਉਹ ਫਿਰ ਇੱਕ ਮਧੂਬਨ ਵ੍ਰਿੰਦਾਵਨ ਵਿੱਚ ਵਿਖਾਉਂਦੇ ਹਨ। ਉਹ ਭਗਤੀ ਮਾਰਗ ਵਿੱਚ ਮਨੁੱਖਾਂ ਨੇ ਬੈਠ ਬਣਾਏ ਹਨ। ਪ੍ਰੈਕਟੀਕਲ ਮਧੂਬਨ ਤਾਂ ਇਹ ਹੈ। ਤੁਹਾਡੀ ਬੁੱਧੀ ਵਿੱਚ ਹੈ ਕਿ ਅਸੀਂ ਸਤਯੁਗ ਤ੍ਰੇਤਾ ਤੋਂ ਲੈਕੇ ਪੁਨਰਜਨਮ ਲੈਂਦੇ - ਲੈਂਦੇ ਹੁਣ ਸੰਗਮ ਤੇ ਆਕੇ ਖੜੇ ਹੋਏ ਹਾਂ - ਪੁਰਸ਼ੋਤਮ ਬਣਨ ਦੇ ਲਈ। ਸਾਨੂੰ ਬਾਪ ਨੇ ਆਕੇ ਸਮ੍ਰਿਤੀ ਦਿਲਾਈ ਹੈ। 84 ਜਨਮ ਕੌਣ ਅਤੇ ਕਿਵੇਂ ਲੈਂਦੇ ਹਨ, ਉਹ ਵੀ ਤੁਸੀਂ ਜਾਣਦੇ ਹੋ। ਮਨੁੱਖ ਤਾਂ ਸਿਰਫ ਕਹਿ ਦਿੰਦੇ ਹਨ, ਸਮਝਦੇ ਕੁਝ ਨਹੀਂ। ਬਾਪ ਚੰਗੀ ਤਰ੍ਹਾਂ ਸਮਝਾਉਂਦੇ ਹਨ। ਸਤਿਯੁਗ ਵਿੱਚ ਸਤੋਪ੍ਰਧਾਨ ਆਤਮਾਵਾਂ ਸਨ, ਸ਼ਰੀਰ ਵੀ ਸਤੋਪ੍ਰਧਾਨ ਸਨ। ਇਸ ਸਮੇਂ ਤਾਂ ਸਤਯੁਗ ਨਹੀਂ ਹੈ, ਇਹ ਹੈ ਕਲਯੁਗ। ਗੋਲਡਨ ਏਜ਼ ਵਿੱਚ ਅਸੀਂ ਸੀ। ਫਿਰ ਚੱਕਰ ਲਗਾਕੇ ਪੁਨਰਜਨਮ ਲੈਂਦੇ - ਲੈਂਦੇ ਅਸੀਂ ਆਇਰਨ ਏਜ਼ ਵਿੱਚ ਆ ਗਏ ਫਿਰ ਤੋਂ ਚੱਕਰ ਜਰੂਰ ਲਗਾਉਣਾ ਹੈ। ਹੁਣ ਜਾਣਾ ਹੈ ਆਪਣੇ ਘਰ। ਤੁਸੀਂ ਸਿਕਿਲੱਧੇ ਬੱਚੇ ਹੋ ਨਾ। ਸਿਕਿਲੱਧੇ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਜੋ ਗੁੰਮ ਹੋ ਜਾਂਦੇ ਹਨ, ਫਿਰ ਬਹੁਤ ਸਮੇਂ ਦੇ ਬਾਦ ਮਿਲਦੇ ਹਨ। ਤੁਸੀਂ 5 ਹਜ਼ਾਰ ਵਰ੍ਹੇ ਦੇ ਬਾਦ ਆਕੇ ਮਿਲੇ ਹੋ । ਤੁਸੀਂ ਬੱਚੇ ਹੀ ਜਾਣਦੇ ਹੋ - ਇਹ ਉਹ ਹੀ 5 ਹਜ਼ਾਰ ਵਰ੍ਹੇ ਪਹਿਲੇ ਇਸ ਸ੍ਰਿਸ਼ਟੀ ਚੱਕਰ ਦਾ ਸਾਨੂੰ ਗਿਆਨ ਦਿੱਤਾ ਸੀ । ਸਵਦਰਸ਼ਨ ਚੱਕ੍ਰਧਾਰੀ ਬਣਾਇਆ ਸੀ। ਹੁਣ ਫਿਰ ਤੋਂ ਬਾਪ ਆਕੇ ਮਿਲੇ ਹਨ। ਜਨਮ ਸਿੱਧ ਅਧਿਕਾਰ ਦੇਣ ਦੇ ਲਈ। ਇੱਥੇ ਬਾਪ ਰਿਯਲਾਈਜ਼ ਕਰਾਉਂਦੇ ਹਨ। ਇਸ ਵਿੱਚ ਆਤਮਾ ਦੇ 84 ਜਨਮਾਂ ਦੀ ਵੀ ਰਿਯਲਾਈਜ਼ੇਸ਼ਨ ਆ ਜਾਂਦੀ ਹੈ। ਇਹ ਸਭ ਬਾਪ ਬੈਠ ਸਮਝਾਉਂਦੇ ਹਨ। ਜਿਵੇਂ 5 ਹਜ਼ਾਰ ਵਰ੍ਹੇ ਪਹਿਲੇ ਵੀ ਸਮਝਾਇਆ ਸੀ - ਮਨੁੱਖ ਨੂੰ ਦੇਵਤਾ ਜਾਂ ਕੰਗਾਲ ਨੂੰ ਸਿਰਤਾਜ ਬਣਾਉਣ ਦੇ ਲਈ। ਤੁਸੀਂ ਸਮਝਦੇ ਹੋ ਅਸੀਂ 84 ਪੁਨਰਜਨਮ ਲੀਤੇ ਹਨ, ਜਿਨ੍ਹਾਂ ਨੇ ਨਹੀਂ ਲੀਤੇ ਹਨ ਉੱਥੇ ਸਿੱਖਣ ਦੇ ਲਈ ਆਉਣਗੇ ਵੀ ਨਹੀਂ। ਕੋਈ ਥੋੜਾ ਸਮਝਣਗੇ। ਨੰਬਰਵਾਰ ਤਾਂ ਹੁੰਦੇ ਹਨ ਨਾ। ਆਪਣੇ - ਆਪਣੇ ਘਰ ਗ੍ਰਹਿਸਤ ਵਿੱਚ ਰਹਿਣਾ ਹੈ। ਸਭ ਤਾਂ ਇੱਥੇ ਨਹੀਂ ਆਕੇ ਬੈਠਣਗੇ। ਰਿਫਰੇਸ਼ ਹੋਣ ਉਹ ਆਉਣਗੇ ਜਿਨ੍ਹਾਂ ਨੂੰ ਬਹੁਤ ਚੰਗੀ ਪਦਵੀ ਪਾਉਣੀ ਹੋਵੇਗੀ। ਘੱਟ ਪਦਵੀ ਵਾਲੇ ਜਾਸਤੀ ਪੁਰਸ਼ਾਰਥ ਵੀ ਨਹੀਂ ਕਰਨਗੇ। ਇਹ ਗਿਆਨ ਇਵੇਂ ਹੈ ਥੋੜਾ ਵੀ ਪੁਰਸ਼ਾਰਥ ਕੀਤਾ ਤਾਂ ਉਹ ਵਿਅਰਥ ਨਹੀਂ ਜਾਏਗਾ। ਸਜ਼ਾ ਖਾਕੇ ਆ ਜਾਣਗੇ। ਪੁਰਸ਼ਾਰਥ ਚੰਗਾ ਕਰਦੇ ਤਾਂ ਸਜ਼ਾ ਵੀ ਘੱਟ ਹੁੰਦੀ ਹੈ। ਯਾਦ ਦੀ ਯਾਤਰਾ ਬਗੈਰ ਵਿਕਰਮ ਵਿਨਾਸ਼ ਨਹੀਂ ਹੋਣਗੇ। ਇਹ ਤਾਂ ਘੜੀ - ਘੜੀ ਆਪਣੇ ਨੂੰ ਯਾਦ ਕਰਵਾਓ। ਕੋਈ ਵੀ ਮਨੁੱਖ ਮਿਲੇ ਪਹਿਲੇ ਤਾਂ ਉਨ੍ਹਾਂ ਨੂੰ ਇਹ ਸਮਝਾਉਣਾ ਹੈ - ਆਪਣੇ ਨੂੰ ਆਤਮਾ ਸਮਝੋ। ਇਹ ਨਾਮ ਤਾਂ ਪਿੱਛੋਂ ਸ਼ਰੀਰ ਨੂੰ ਮਿਲਿਆ ਹੈ, ਕਿਸੇ ਨੂੰ ਬੁਲਾਉਣਗੇ ਸ਼ਰੀਰ ਦੇ ਨਾਮ ਨਾਲ। ਇਸ ਸੰਗਮ ਤੇ ਹੀ ਬੇਹੱਦ ਦਾ ਬਾਪ ਰੂਹਾਨੀ ਬੱਚਿਆਂ ਨੂੰ ਬੁਲਾਉਂਦੇ ਹਨ। ਤੁਸੀਂ ਕਹੋਗੇ ਰੂਹਾਨੀ ਬਾਪ ਆਇਆ ਹੈ। ਬਾਪ ਕਹਿਣਗੇ ਰੂਹਾਨੀ ਬੱਚੇ। ਪਹਿਲੇ ਰੂਹ ਫਿਰ ਬੱਚਿਆਂ ਦਾ ਨਾਮ ਲੈਂਦੇ ਹਨ। ਰੂਹਾਨੀ ਬੱਚਿਓ ਤੁਸੀਂ ਸਮਝਦੇ ਹੋ ਰੂਹਾਨੀ ਬਾਪ ਕਿ ਸਮਝਾਉਂਦੇ ਹਨ। ਤੁਹਾਡੀ ਬੁੱਧੀ ਜਾਣਦੀ ਹੈ - ਸ਼ਿਵਬਾਬਾ ਇਸ ਭਾਗੀਰਥ ਤੇ ਵਿਰਾਜਮਾਨ ਹੈ, ਸਾਨੂੰ ਉਹ ਹੀ ਸਹਿਜ ਰਾਜਯੋਗ ਸਿਖਾ ਰਹੇ ਹਨ। ਹੋਰ ਕੋਈ ਮਨੁੱਖ ਮਾਤਰ ਨਹੀਂ ਜਿਸ ਵਿੱਚ ਬਾਪ ਆਕੇ ਰਾਜਯੋਗ ਸਿਖਾਏ। ਉਹ ਬਾਪ ਆਉਂਦੇ ਹੀ ਹਨ ਪੁਰਸ਼ੋਤਮ ਸੰਗਮਯੁਗ ਤੇ, ਹੋਰ ਕੋਈ ਵੀ ਮਨੁੱਖ ਕਦੀ ਇਵੇਂ ਕਹਿ ਨਾ ਸਕੇ। ਸਮਝਾ ਨਾ ਸਕੇ। ਇਹ ਵੀ ਤੁਸੀਂ ਜਾਣਦੇ ਹੋ ਇਹ ਸਿੱਖਿਆ ਕੋਈ ਇਸ ਬਾਪ ਦੀ ਨਹੀਂ। ਇਨ੍ਹਾਂ ਨੂੰ ਤਾਂ ਇਹ ਪਤਾ ਨਹੀਂ ਸੀ ਕਿ ਕਲਯੁਗ ਖਤਮ ਹੋ ਸਤਯੁਗ ਆਉਣਾ ਹੈ। ਇਨ੍ਹਾਂ ਦਾ ਹੁਣ ਕੋਈ ਦੇਹਧਾਰੀ ਗੁਰੂ ਨਹੀਂ ਹੈ ਹੋਰ ਤਾਂ ਸਭ ਮਨੁੱਖ ਮਾਤਰ ਕਹਿਣਗੇ ਸਾਡਾ ਫਲਾਣਾ ਗੁਰੂ ਹੈ। ਫਲਾਣਾ ਜੋਤੀ ਜੋਤ ਸਮਾਇਆ। ਸਭ ਦੇ ਦੇਹਧਾਰੀ ਗੁਰੂ ਹੈ। ਧਰਮ ਸਥਾਪਕ ਵੀ ਦੇਹਧਾਰੀ ਹਨ। ਇਹ ਧਰਮ ਕਿਸ ਨੇ ਸਥਾਪਨ ਕੀਤਾ ਹੈ? ਪਰਮਪਿਤਾ ਪਰਮਾਤਮਾ ਤ੍ਰਿਮੂਰਤੀ ਸ਼ਿਵਬਾਬਾ ਨੇ ਬ੍ਰਹਮਾ ਦੁਆਰਾ ਸਥਾਪਨ ਕੀਤਾ ਹੈ। ਇਨ੍ਹਾਂ ਦੇ

ਸ਼ਰੀਰ ਦਾ ਨਾਮ ਬ੍ਰਹਮਾ ਹੈ। ਕ੍ਰਿਸ਼ਚਨ ਲੋਕ ਕਹਿਣਗੇ ਕ੍ਰਾਈਸਟ ਨੇ ਇਹ ਧਰਮ ਸਥਾਪਨ ਕੀਤਾ। ਉਹ ਤਾਂ ਦੇਹਧਾਰੀ ਹੈ। ਚਿੱਤਰ ਵੀ ਹਨ। ਇਸ ਧਰਮ ਦੇ ਸਥਾਪਕ ਦਾ ਚਿੱਤਰ ਕੀ ਵਿਖਾਉਣਗੇ? ਸ਼ਿਵ ਦਾ ਹੀ ਵਿਖਾਉਣਗੇ। ਸ਼ਿਵ ਦੇ ਚਿੱਤਰ ਵੀ ਕੋਈ ਵੱਡੇ, ਕੋਈ ਛੋਟੇ ਬਣਾਉਂਦੇ ਹਨ। ਹੈ ਤਾਂ ਉਹ ਬਿੰਦੀ ਹੀ। ਨਾਮ - ਰੂਪ ਵੀ ਹੈ ਪਰ ਅਵਿਅਕਤ ਹੈ। ਇਨ੍ਹਾਂ ਅੱਖਾਂ ਨਾਲ ਹੀ ਨਹੀਂ ਵੇਖ ਸਕਦੇ। ਸ਼ਿਵਬਾਬਾ ਤੁਸੀਂ ਬੱਚਿਆਂ ਨੂੰ ਰਾਜ - ਭਾਗ ਦੇਕੇ ਗਏ ਹਨ ਤੱਦ ਤਾਂ ਯਾਦ ਕਰਦੇ ਹਨ ਨਾ। ਸ਼ਿਵਬਾਬਾ ਕਹਿੰਦੇ ਹਨ ਮਨਮਨਾਭਵ। ਮੈਨੂੰ ਇੱਕ ਬਾਪ ਨੂੰ ਯਾਦ ਕਰੋ। ਕਿਸੇ ਦੀ ਸਤੂਤੀ ਨਹੀਂ ਕਰਨੀ ਹੈ। ਆਤਮਾ ਦੀ ਬੁੱਧੀ ਵਿੱਚ ਕੋਈ ਦੇਹ ਯਾਦ ਨਾ ਆਏ, ਇਹ ਚੰਗੀ ਰੀਤੀ ਸਮਝਣ ਦੀ ਗੱਲ ਹੈ। ਸਾਨੂੰ ਸ਼ਿਵਬਾਬਾ ਪੜ੍ਹਾਉਂਦੇ ਹਨ। ਸਾਰਾ ਦਿਨ ਇਹ ਰਿਪੀਟ ਕਰਦੇ ਰਹੋ। ਸ਼ਿਵ ਭਗਵਾਨੁਵਾਚ ਪਹਿਲੇ - ਪਹਿਲੇ ਤਾਂ ਅਲਫ਼ ਹੀ ਸਮਝਣਾ ਪਵੇ। ਇਹ ਪੱਕਾ ਨਹੀਂ ਕੀਤਾ ਅਤੇ ਬੇ ਤੇ ਦੱਸੀ ਤਾਂ ਕੁਝ ਵੀ ਬੁੱਧੀ ਵਿੱਚ ਬੈਠਗਾ ਨਹੀਂ। ਕੋਈ ਕਹਿ ਦਿੰਦੇ ਇਹ ਗੱਲ ਤਾਂ ਰਾਈਟ ਹੈ। ਕੋਈ ਕਹਿੰਦੇ ਹਨ ਇਸ ਨੂੰ ਸਮਝਣ ਵਿੱਚ ਤਾਂ ਟਾਈਮ ਚਾਹੀਦਾ ਹੈ। ਕੋਈ ਕਹਿੰਦੇ ਹਨ ਵਿੱਚਾਰ ਕਰਾਂਗੇ। ਕਿਸਮ - ਕਿਸਮ ਦੇ ਆਉਂਦੇ ਹਨ। ਇਹ ਹੈ ਨਵੀਂ ਗੱਲ। ਪਰਮਪਿਤਾ ਪਰਮਾਤਮਾ ਸ਼ਿਵ ਆਤਮਾਵਾਂ ਨੂੰ ਬੈਠ ਪੜ੍ਹਾਉਂਦੇ ਹਨ। ਵਿਚਾਰ ਚਲਦਾ ਹੈ, ਕੀ ਕਰੀਏ ਜੋ ਮਨੁੱਖਾਂ ਨੂੰ ਇਹ ਸਮਝ ਵਿੱਚ ਆ ਜਾਏ। ਸ਼ਿਵ ਹੀ ਗਿਆਨ ਦਾ ਸਾਗਰ ਹੈ। ਆਤਮਾ ਨੂੰ ਗਿਆਨ ਦਾ ਸਾਗਰ ਕਿਵੇਂ ਕਹਿੰਦੇ ਹਨ, ਜਿਸ ਨੂੰ ਸ਼ਰੀਰ ਹੀ ਨਹੀਂ ਹੈ। ਗਿਆਨ ਦਾ ਸਾਗਰ ਹੈ ਤਾਂ ਜਰੂਰ ਕਦੀ ਗਿਆਨ ਸੁਣਾਇਆ ਹੈ ਤੱਦ ਤਾਂ ਉਨ੍ਹਾਂ ਨੂੰ ਗਿਆਨ ਸਾਗਰ ਕਹਿੰਦੇ ਹਨ। ਇਵੇਂ ਹੀ ਕਿਉਂ ਕਹਿਣਗੇ। ਕੋਈ ਬਹੁਤ ਪੜ੍ਹਦੇ ਹਨ ਤਾਂ ਕਿਹਾ ਜਾਂਦਾ ਹੈ ਇਹ ਤਾਂ ਬਹੁਤ ਵੇਦ - ਸ਼ਾਸਤਰ ਪੜ੍ਹੇ ਹਨ, ਇਸਲਈ ਸ਼ਾਸਤਰੀ ਅਤੇ ਵਿਦਵਾਨ ਕਿਹਾ ਕਿਹਾ ਜਾਂਦਾਹੈ। ਜਰੂਰ ਹੋਕੇ ਗਏ ਹਨ। ਪਹਿਲੇ ਤਾਂ ਪੁੱਛਣਾ ਚਾਹੀਦਾ ਹੈ ਹੁਣ ਕਲਯੁਗ ਹੈ ਜਾਂ ਸਤਿਯੁਗ? ਨਵੀਂ ਦੁਨੀਆਂ ਹੈ ਜਾਂ ਪੁਰਾਣੀ ਦੁਨੀਆਂ? ਐਮ ਆਬਜੈਕਟ ਤਾਂ ਤੁਹਾਡੇ ਸਾਹਮਣੇ ਖੜਿਆ ਹੈ। ਇਹ ਲਕਸ਼ਮੀ - ਨਾਰਾਇਣ ਜੇਕਰ ਹੁੰਦੇ ਤਾਂ ਉਨ੍ਹਾਂ ਦਾ ਰਾਜ ਹੁੰਦਾ। ਇਹ ਪੁਰਾਣੀ ਦੁਨੀਆਂ, ਕੰਗਾਲਪਣਾ ਹੀ ਨਹੀਂ ਹੁੰਦਾ। ਹੁਣ ਤਾਂ ਸਿਰਫ ਇਨ੍ਹਾਂ ਦੇ ਚਿੱਤਰ ਹਨ। ਮੰਦਿਰ ਵਿੱਚ ਮਾਡਲਸ ਵਿਖਾਉਂਦੇ ਹਨ। ਨਹੀਂ ਤਾਂ ਉਨ੍ਹਾਂ ਦੇ ਮਹਿਲ ਬਗੀਚੇ ਆਦਿ ਕਿੰਨੇ ਵੱਡੇ - ਵੱਡੇ ਹੋਣਗੇ। ਸਿਰਫ ਮੰਦਿਰ ਵਿੱਚ ਥੋੜੀ ਰਹਿੰਦੇਗੇ ਹੋਣਗੇ। ਪ੍ਰੈਜ਼ੀਡੇਂਟ ਦਾ ਮਕਾਨ ਕਿੰਨਾ ਵੱਡਾ ਹੈ। ਦੇਵੀ - ਦੇਵਤਾ ਤਾਂ ਵੱਡੇ - ਵੱਡੇ ਮਹਿਲਾਂ ਵਿੱਚ ਰਹਿੰਦੇ ਹੋਣਗੇ। ਬਹੁਤ ਜਗ੍ਹਾ ਹੋਵੇਗੀ। ਉੱਥੇ ਡਰਨ ਆਦਿ ਦੀ ਗੱਲ ਹੀ ਨਹੀਂ ਹੁੰਦੀ। ਹਮੇਸ਼ਾ ਫੁਲਵਾੜੀ ਰਹਿੰਦੀ ਹੈ। ਕੰਡੇ ਹੁੰਦੇ ਹੀ ਨਹੀਂ। ਉਹ ਹੈ ਹੀ ਬਗੀਚਾ। ਉੱਥੇ ਤਾਂ ਲਕੜੀਆਂ ਆਦਿ ਜਲਾਉਂਦੇ ਨਹੀਂ ਹੋਣਗੇ। ਲਕੜੀਆਂ ਵਿੱਚ ਧੂਆਂ ਹੁੰਦਾ ਹੈ ਤਾਂ ਦੁੱਖ ਫੀਲ ਹੁੰਦਾ ਹੈ। ਉੱਥੇ ਅਸੀਂ ਬਹੁਤ ਥੋੜੇ ਟੁਕੜੇ ਵਿੱਚ ਰਹਿੰਦੇ ਹਾਂ। ਪਿੱਛੇ ਵ੍ਰਿਧੀ ਨੂੰ ਪਾਉਂਦੇ ਜਾਂਦੇ ਹਨ। ਬਹੁਤ ਚੰਗੇ - ਚੰਗੇ ਬਗੀਚੇ ਹੋਣਗੇ, ਖੁਸ਼ਬੂ ਆਉਂਦੀ ਰਹੇਗੀ। ਜੰਗਲ ਹੋਵੇਗਾ ਹੀ ਨਹੀਂ। ਹੁਣ ਫੀਲਿੰਗ ਆਉਂਦੀ ਹੈ, ਵੇਖਦੇ ਤਾਂ ਨਹੀਂ ਹਨ। ਤੁਸੀਂ ਧਿਆਨ ਵਿੱਚ ਵੱਡੇ - ਵੱਡੇ ਮਹਿਲ ਆਦਿ ਵੇਖ ਆਉਂਦੇ ਹੋ, ਉਹ ਤਾਂ ਇੱਥੇ ਬਣਾ ਨਹੀਂ ਸਕਦੇ। ਸਾਖ਼ਸ਼ਾਤਕਾਰ ਹੋਇਆ ਫਿਰ ਗੰਮ ਹੋ ਜਾਏਗਾ। ਸਾਖ਼ਸ਼ਾਤਕਾਰ ਕੀਤਾ ਤਾਂ ਹੈ ਨਾ। ਰਾਜੇ ਪ੍ਰਿੰਸ - ਪ੍ਰਿੰਸੇਜ਼ ਹੋਣਗ । ਬਹੁਤ ਰਮਣੀਕ ਸ੍ਵਰਗ ਹੋਵੇਗਾ। ਜਿਵੇਂ ਇੱਥੇ ਮੈਸੂਰ ਆਦਿ ਰਮਣੀਕ ਹੈ, ਇਵੇਂ ਉੱਥੇ ਬਹੁਤ ਚੰਗੀਆਂ ਹਵਾਵਾਂ ਲਗਦੀਆਂ ਰਹਿੰਦੀਆਂ ਹਨ। ਪਾਣੀ ਦੇ ਝਰਨੇ ਬਹਿੰਦੇ ਰਹਿੰਦੇ ਹਨ। ਆਤਮਾ ਸਮਝਦੀ ਹੈ ਅਸੀਂ ਚੰਗੀਆਂ - ਚੰਗੀਆਂ ਚੀਜ਼ਾਂ ਬਣਾਈਏ। ਆਤਮਾ ਨੂੰ ਸ੍ਵਰਗ ਤਾਂ ਯਾਦ ਆਉਂਦਾ ਹੈ ਨਾ।

ਤੁਸੀਂ ਬੱਚਿਆਂ ਨੂੰ ਰਿਯਲਾਈਜ਼ ਹੁੰਦਾ ਹੈ - ਕੀ - ਕੀ ਹੋਵੇਗਾ, ਕਿੱਥੇ ਅਸੀਂ ਰਹਿੰਦੇ ਹੋਵਾਂਗੇ। ਇਸ ਸਮੇਂ ਇਹ ਸਮ੍ਰਿਤੀ ਰਹਿੰਦੀ ਹੈ। ਚਿੱਤਰਾਂ ਨੂੰ ਵੇਖੋ ਤੁਸੀਂ ਕਿੰਨੇ ਖੁਸ਼ਨਸੀਬ ਹੋ। ਉੱਥੇ ਦੁੱਖ ਦੀ ਕੋਈ ਗੱਲ ਨਹੀਂ ਹੋਵੇਗੀ। ਅਸੀਂ ਤਾਂ ਸ੍ਵਰਗ ਵਿੱਚ ਸੀ ਫਿਰ ਥੱਲੇ ਉਤਰੇ। ਹੁਣ ਫਿਰ ਸ੍ਵਰਗ ਵਿੱਚ ਜਾਣਾ ਹੈ। ਕਿਵੇਂ ਜਾਈਏ? ਰੱਸੀ ਵਿੱਚ ਲਟਕ ਕੇ ਜਾਣਗੇ ਕੀ? ਅਸੀਂ ਆਤਮਾਵਾਂ ਤਾਂ ਰਹਿਣ ਵਾਲੀ ਹਾਂ ਸ਼ਾਂਤੀਧਾਮ ਦੀ। ਬਾਪ ਨੇ ਸਮ੍ਰਿਤੀ ਦਿਲਾਈ ਹੁਣ ਤੁਸੀਂ ਫਿਰ ਦੇਵਤਾ ਬਣ ਰਹੇ ਹੋ ਅਤੇ ਦੂਜਿਆਂ ਨੂੰ ਬਣਾ ਰਹੇ ਹੋ। ਕਿੰਨੇ ਘਰ ਬੈਠੇ ਵੀ ਸਾਖ਼ਸ਼ਾਤਕਾਰ ਕਰਦੇ ਹਨ। ਬੰਧੇਲੀਆਂ ਨੇ ਕਦੀ ਵੇਖਿਆ ਥੋੜੀ ਹੈ। ਕਿਵੇਂ ਆਤਮਾ ਨੂੰ ਉੱਛਲ ਆਉਂਦੀ ਹੈ। ਆਪਣਾ ਘਰ ਨਜ਼ਦੀਕ ਆਉਣ ਕਾਰਨ ਆਤਮਾ ਨੂੰ ਖੁਸ਼ੀ ਹੁੰਦੀ ਹੈ। ਸਮਝਦੇ ਹਨ ਬਾਬਾ ਸਾਨੂੰ ਗਿਆਨ ਦੇਕੇ ਸ਼ਿੰਗਾਰਨ ਆਏ ਹਨ। ਆਖ਼ਿਰ ਇੱਕ ਦਿਨ ਅਖਬਾਰਾਂ ਵਿੱਚ ਵੀ ਪਵੇਗਾ। ਹੁਣ ਤਾਂ ਸਤੂਤੀ - ਨਿੰਦਾ, ਮਾਨ - ਅਪਮਾਨ ਸਭ ਸ੍ਹਾਮਣੇ ਆਉਂਦਾ ਹੈ। ਜਾਣਦੇ ਹਨ ਕਲਪ ਪਹਿਲੇ ਵੀ ਇਵੇਂ ਹੋਇਆ ਸੀ, ਜੋ ਸੈਕਿੰਡ ਪਾਸ ਹੋ ਗਿਆ, ਉਸਦਾ ਚਿੰਤਨ ਨਹੀ ਕਰਨਾ ਹੁੰਦਾ। ਅਖਬਾਰਾਂ ਵਿੱਚ ਕਲਪ ਪਹਿਲੋਂ ਵੀ ਇਵੇਂ ਪਿਆ ਸੀ। ਫਿਰ ਪੁਰਸ਼ਾਰਥ ਕੀਤਾ ਜਾਂਦਾ ਹੈ। ਹੰਗਾਮਾ ਤੇ ਜੋ ਹੋਇਆ ਸੀ ਸੋ ਹੋ ਗਿਆ। ਨਾਮ ਤੇ ਹੋ ਗਿਆ ਨਾ। ਫਿਰ ਤੁਸੀਂ ਰਿਸਪਾਂਡ ਕਰਦੇ ਹੋ। ਕੋਈ ਪੜ੍ਹਦੇ ਹਨ, ਕੋਈ ਨਹੀਂ ਪੜ੍ਹਦੇ ਹਨ। ਫੁਰਸਤ ਨਹੀਂ ਮਿਲਦੀ। ਹੋਰਾਂ ਕੰਮਾਂ ਵਿੱਚ ਲੱਗ ਜਾਂਦੇ ਹਨ। ਹੁਣ ਤੁਹਾਡੀ ਬੁੱਧੀ ਵਿੱਚ ਹੈ - ਇਹ ਬੇਹੱਦ ਦਾ ਡਰਾਮਾ ਹੈ। ਟਿਕ - ਟਿਕ ਚਲਦੀ ਰਹਿੰਦੀ ਹੈ, ਚੱਕਰ ਫਿਰਦਾ ਰਹਿੰਦਾ ਹੈ। ਸੈਕਿੰਡ ਵਿੱਚ ਜੋ ਪਾਸ ਹੋਇਆ ਫਿਰ 5 ਹਜ਼ਾਰ ਵਰ੍ਹੇ ਬਾਦ ਰਪੀਟ ਹੋਵੇਗਾ। ਜੋ ਹੋ ਗਿਆ ਸੈਕਿੰਡ ਬਾਦ ਖਿਆਲ ਵਿੱਚ ਆਉਂਦਾ ਹੈ। ਇਹ ਭੁੱਲ ਹੋ ਗਈ ਡਰਾਮੇ ਵਿੱਚ ਨੂੰਧ ਗਿਆ। ਪਹਿਲੋਂ ਵੀ ਅਜਿਹੀ ਭੁੱਲ ਹੋਈ ਸੀ, ਪਾਸਟ ਹੋ ਗਈ। ਹੁਣ ਫਿਰ ਅੱਗੇ ਦੇ ਲਈ ਨਹੀਂ ਕਰਾਂਗੇ। ਪੁਰਸ਼ਾਰਥ ਕਰਦੇ ਰਹਿੰਦੇ ਹਨ। ਤੁਹਾਨੂੰ ਸਮਝਾਇਆ ਜਾਂਦਾ ਹੈ ਬਾਰ - ਬਾਰ ਇਹ ਭੁੱਲ ਚੰਗੀ ਨਹੀਂ ਹੈ। ਇਹ ਕਰਮ ਚੰਗਾ ਨਹੀਂ ਹੈ। ਦਿਲ ਖਾਂਦੀ ਰਹੇਗੀ - ਸਾਡੇ ਤੋਂ ਇਹ ਖ਼ਰਾਬ ਕੰਮ ਹੋਇਆ। ਬਾਪ ਸਮਝਾਉਣੀ ਦਿੰਦੇ ਹਨ ਇਵੇਂ ਨਹੀਂ ਕਰੋ, ਕਿਸਨੂੰ ਦੁਖ ਹੋਵੇਗਾ। ਮਨਾ ਕੀਤੀ ਜਾਂਦੀ ਹੈ। ਬਾਪ ਦੱਸ ਦਿੰਦੇ ਹਨ - ਇਹ ਕੰਮ ਨਹੀਂ ਕਰਨਾ, ਬਿਨਾਂ ਪੁੱਛੇ ਚੀਜ਼ ਚੁੱਕੀ, ਉਸਨੂੰ ਚੋਰੀ ਕਿਹਾ ਜਾਂਦਾ ਹੈ। ਅਜਿਹਾ ਕੰਮ ਨਾ ਕਰੋ। ਕੜਵਾ ਨਾ ਬੋਲੋ। ਅੱਜਕਲ ਦੁਨੀਆਂ ਵੇਖੋ ਕਿਵੇਂ ਦੀ ਹੈ - ਕਿਸੇ ਨੌਕਰ ਤੇ ਗੁੱਸਾ ਕੀਤਾ ਤਾਂ ਉਹ ਵੀ ਦੁਸ਼ਮਣੀ ਕਰਨ ਲੱਗ ਜਾਂਦੇ ਹਨ। ਉੱਥੇ ਤਾਂ ਸ਼ੇਰ ਬੱਕਰੀ ਆਪਸ ਵਿੱਚ ਖੀਰਖੰਡ ਰਹਿੰਦੇ ਹਨ। ਲੂਣਪਾਣੀ ਅਤੇ ਖੀਰਖੰਡ। ਸਤਿਯੁਗ ਵਿੱਚ ਸਭ ਆਤਮਾਵਾਂ ਆਪਸ ਵਿੱਚ ਖੀਰਖੰਡ ਰਹਿੰਦੀਆਂ ਹਨ। ਅਤੇ ਇਸ ਰਾਵਣ ਦੀ ਦੁਨੀਆਂ ਵਿੱਚ ਸਭ ਮਨੁੱਖ ਲੂਣਪਾਣੀ ਹਨ। ਬਾਪ ਬੱਚਾ ਵੀ ਲੂਣਪਾਣੀ। ਕਾਮ ਮਹਾਸ਼ਤਰੂ ਹੈ

ਨਾ। ਕਾਮ ਕਟਾਰੀ ਚਲਾ ਇੱਕ - ਦੂਜੇ ਨੂੰ ਦੁੱਖ ਦਿੰਦੇ ਹਨ। ਇਹ ਸਾਰੀ ਦੁਨੀਆਂ ਲੂਣਪਾਣੀ ਹੈ। ਸਤਿਯੁਗੀ ਦੁਨੀਆਂ ਖੀਰਖੰਡ ਹੈ। ਇਨ੍ਹਾਂ ਗੱਲਾਂ ਨੂੰ ਦੁਨੀਆਂ ਕੀ ਜਾਣੇ। ਮਨੁੱਖ ਤਾਂ ਸਵਰਗ ਨੂੰ ਲੱਖਾਂ ਵਰ੍ਹੇ ਕਹਿ ਦਿੰਦੇ ਹਨ। ਤਾਂ ਕੋਈ ਗੱਲ ਬੁੱਧੀ ਵਿੱਚ ਆ ਨਹੀਂ ਸਕਦੀ। ਜੋ ਦੇਵਤੇ ਸਨ ਉਨ੍ਹਾਂਨੂੰ ਹੀ ਬੁੱਧੀ ਵਿੱਚ ਆਉਂਦਾ ਹੈ। ਤੁਸੀਂ ਜਾਣਦੇ ਹੋ ਇਹ ਦੇਵਤੇ ਸਤਿਯੁਗ ਵਿੱਚ ਸਨ। ਜਿੰਨ੍ਹਾਂਨੇ 84 ਜਨਮ ਲਏ ਹਨ ਉਹ ਹੀ ਫਿਰ ਤੋਂ ਆਕੇ ਪੜ੍ਹਨਗੇ ਅਤੇ ਕੰਡਿਆਂ ਤੋਂ ਫੁੱਲ ਬਣਨਗੇ। ਇਹ ਬਾਪ ਦੀ ਇੱਕ ਹੀ ਯੂਨੀਵਰਸਿਟੀ ਹੈ, ਇਸ ਦੀਆਂ ਬਰਾਂਚੀਜ਼ ਨਿਕਲਦੀਆਂ ਰਹਿੰਦੀਆਂ ਹਨ। ਖ਼ੁਦਾ ਜਦੋਂ ਆਵੇਗਾ ਤਾਂ ਉਨ੍ਹਾਂ ਦੇ ਖਿਦਮਤਗਾਰ ਬਣਨਗੇ, ਜਿੰਨ੍ਹਾਂ ਦੇ ਦਵਾਰਾ ਖ਼ੁਦ ਖੁਦਾ ਰਾਜਾਈ ਸਥਾਪਨ ਕਰਨਗੇ। ਤੁਸੀਂ ਸਮਝਦੇ ਹੋ ਅਸੀਂ ਖੁਦਾ ਖਿਦਮਤਗਾਰ ਹਾਂ। ਉਹ ਜਿਸਮਾਨੀ ਖ਼ਿਦਮਤ ਕਰਦੇ ਹਨ, ਇਹ ਰੂਹਾਨੀ। ਬਾਬਾ ਸਾਨੂੰ ਆਤਮਾਵਾਂ ਨੂੰ ਰੂਹਾਨੀ ਸਰਵਿਸ ਸਿਖਾ ਰਹੇ ਹਨ ਕਿਉਂਕਿ ਰੂਹ ਹੀ ਤਮੋਪ੍ਰਧਾਨ ਬਣ ਗਈ ਹੈ। ਫਿਰ ਬਾਬਾ ਸਤੋਪ੍ਰਧਾਨ ਬਣਾ ਰਹੇ ਹਨ। ਬਾਬਾ ਕਹਿੰਦੇ ਹਨ ਮਾਮੇਕਮ ਯਾਦ ਕਰੋ ਤਾਂ ਵਿਕਰਮ ਵਿਨਾਸ਼ ਹੋਣਗੇ। ਇਹ ਯੋਗ ਅਗਨੀ ਹੈ। ਭਾਰਤ ਦਾ ਪ੍ਰਾਚੀਨ ਯੋਗ ਗਾਇਆ ਹੋਇਆ ਹੈ ਨਾ। ਆਰਟੀਫਿਸ਼ਲ ਯੋਗ ਤਾਂ ਬਹੁਤ ਹੋ ਗਏ ਹਨ ਇਸਲਈ ਬਾਬਾ ਕਹਿੰਦੇ ਹਨ ਯਾਦ ਦੀ ਯਾਤ੍ਰਾ ਕਹਿਣਾ ਠੀਕ ਹੈ। ਸ਼ਿਵਬਾਬਾ ਨੂੰ ਯਾਦ ਕਰਦੇ - ਕਰਦੇ ਤੁਸੀਂ ਸ਼ਿਵਪੁਰੀ ਵਿੱਚ ਚਲੇ ਜਾਵੋਗੇ। ਉਹ ਹੈ ਸ਼ਿਵਪੁਰੀ। ਉਹ ਵਿਸ਼ਨੂਪੁਰੀ। ਇਹ ਰਾਵਣਪੁਰੀ। ਵਿਸ਼ਨੂਪੁਰੀ ਦੇ ਪਿੱਛੇ ਹੈ ਰਾਮਪੁਰੀ। ਸੂਰਜਵੰਸ਼ੀ ਦੇ ਬਾਦ ਚੰਦ੍ਰਵੰਸ਼ੀ ਹਨ। ਇਹ ਤਾਂ ਕਾਮਨ ਗੱਲ ਹੈ। ਅਧਾਕਲਪ ਸਤਿਯੁਗ - ਤ੍ਰੇਤਾ, ਅਧਾਕਲਪ ਦਵਾਪਰ - ਕਲਯੁਗ। ਹੁਣ ਤੁਸੀਂ ਸੰਗਮ ਤੇ ਹੋ। ਇਹ ਵੀ ਸਿਰ੍ਫ ਤੁਸੀਂ ਜਾਣਦੇ ਹੋ। ਜੋ ਚੰਗੀ ਤਰ੍ਹਾਂ ਧਾਰਨ ਕਰਦੇ ਹਨ, ਉਹ ਦੂਜਿਆਂ ਨੂੰ ਵੀ ਸਮਝਾਉਂਦੇ ਹਨ। ਅਸੀਂ ਪੁਰਸ਼ੋਤਮ ਸੰਗਮਯੁਗ ਤੇ ਹਾਂ। ਇਹ ਕਿਸੇ ਦੀ ਬੁੱਧੀ ਵਿੱਚ ਯਾਦ ਰਹੇ ਤਾਂ ਵੀ ਸਾਰਾ ਡਰਾਮਾ ਬੁੱਧੀ ਵਿੱਚ ਆ ਜਾਵੇ। ਪਰ ਕਲਯੁਗੀ ਦੇਹ ਦੇ ਸੰਬੰਧੀ ਆਦਿ ਸਭ ਯਾਦ ਆਉਂਦੇ ਰਹਿੰਦੇ ਹਨ। ਬਾਪ ਕਹਿੰਦੇ ਹਨ ਤੁਸੀਂ ਯਾਦ ਕਰਨਾ ਹੈ ਇੱਕ ਬਾਪ ਨੂੰ। ਸ੍ਰਵ ਦਾ ਸਦਗਤੀ ਦਾਤਾ ਰਾਜਯੋਗ ਸਿਖਾਉਣ ਵਾਲਾ ਇੱਕ ਹੀ ਹੈ ਇਸਲਈ ਬਾਬਾ ਨੇ ਸਮਝਾਇਆ ਹੈ ਸ਼ਿਵਬਾਬਾ ਦੀ ਹੀ ਜਯੰਤੀ ਹੈ ਜੋ ਸਾਰੀ ਦੁਨੀਆਂ ਨੂੰ ਪਲਟਾਉਂਦੇ ਹਨ। ਤੁਸੀਂ ਬ੍ਰਾਹਮਣ ਹੀ ਜਾਣਦੇ ਹੋ, ਹੁਣ ਅਸੀਂ ਪੁਰਸ਼ੋਤਮ ਸੰਗਮਯੁਗ ਤੇ ਹੋ। ਜੋ ਬ੍ਰਾਹਮਣ ਹਨ ਉਨ੍ਹਾਂ ਨੂੰ ਹੀ ਰਚਿਤਾ ਅਤੇ ਰਚਨਾ ਦਾ ਗਿਆਨ ਬੁੱਧੀ ਵਿੱਚ ਹੈ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਕੋਈ ਵੀ ਅਜਿਹਾ ਕਰਮ ਨਹੀਂ ਕਰਨਾ ਜਿਸ ਨਾਲ ਕਿਸੇ ਨੂੰ ਦੁਖ ਹੋਵੇ। ਕੌੜੇ ਬੋਲ ਨਹੀਂ ਬੋਲਣੇ ਹਨ। ਬਹੁਤ - ਬਹੁਤ ਖੀਰਖੰਡ ਹੋਕੇ ਰਹਿਣਾ ਹੈ।

2. ਕਿਸੇ ਵੀ ਦੇਹਧਾਰੀ ਦੀ ਸਤੂਤੀ ਨਹੀਂ ਕਰਨੀ ਹੈ। ਬੁੱਧੀ ਵਿੱਚ ਰਹੇ ਸਾਨੂੰ ਸ਼ਿਵਬਾਬਾ ਪੜ੍ਹਾਉਂਦੇ ਹਨ, ਉਸ ਇੱਕ ਦੀ ਹੀ ਮਹਿਮਾ ਕਰਨੀ ਹੈ, ਰੂਹਾਨੀ ਖਿਦਮਤਗਾਰ ਬਣਨਾ ਹੈ।

ਵਰਦਾਨ:- ਸ਼ੁੱਧ ਸੰਕਲਪ ਦੇ ਵਰਤ ( ਦ੍ਰਿੜ੍ਹਤਾ ) ਦਵਾਰਾ ਵ੍ਰਿਤੀ ਦਾ ਪਰਿਵਰਤਨ ਕਰਨ ਵਾਲੇ ਦਿਲਤਖਤਨਸ਼ੀਨ ਭਵ

ਬਾਪਦਾਦਾ ਦਾ ਦਿਲਤਖਤ ਐਨਾ ਪਿਓਰ ਹੈ ਜੋ ਇਸ ਤਖ਼ਤ ਤੇ ਸਦਾ ਪਿਉਰ ਆਤਮਾਵਾਂ ਹੀ ਬੈਠ ਸਕਦੀ ਹੈ। ਜਿਸਦੇ ਸੰਕਲਪ ਵਿੱਚ ਵੀ ਅਪਵਿਤ੍ਰਤਾ ਜਾਂ ਅਮਰਿਯਾਦਾ ਆ ਜਾਂਦੀ ਹੈ ਉਹ ਤਖਤਨਸ਼ੀਨ ਦੇ ਬਜਾਏ ਡਿਗਦੀ ਕਲਾ ਵਿੱਚ ਥਲੇ ਆ ਜਾਂਦੇ ਹਨ ਇਸਲਈ ਪਹਿਲੇ ਸ਼ੁੱਧ ਸੰਕਲਪ ਦੇ ਵਰਤ ਦਵਾਰਾ ਆਪਣੀ ਵ੍ਰਿਤੀ ਦਾ ਪਰਿਵਰਤਨ ਕਰੋ। ਵ੍ਰਿਤੀ ਪਰਿਵਰਤਨ ਨਾਲ ਭਵਿੱਖ ਜੀਵਨ ਰੂਪੀ ਸ੍ਰਿਸ਼ਟੀ ਬਦਲ ਜਾਏਗੀ। ਸ਼ੁੱਧ ਸੰਕਲਪ ਅਤੇ ਦ੍ਰਿੜ੍ਹ ਸੰਕਲਪ ਦੇ ਵਰਤ ਦਾ ਪ੍ਰਤੱਖਫਲ੍ਹਾ ਹੀ ਸਦਾਕਾਲ ਦੇ ਲਈ ਬਾਪਦਾਦਾ ਦਾ ਦਿਲਤਖ਼ਤ।

ਸਲੋਗਨ:- ਜਿੱਥੇ ਸਰਵਸ਼ਕਤੀਆਂ ਨਾਲ ਹਨ ਉੱਥੇ ਨਿਰਵਿਗਣ ਸਫ਼ਲਤਾ ਹੈ ਹੀ।

******

ਅਵਿੱਅਕਤ ਇਸ਼ਾਰੇ - ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ

ਅੰਤ ਵਾਹਕ ਸਥਿਤੀ ਮਤਲਬ ਕਰਮਬੰਧਨ ਮੁਕਤ ਕਰਮਾਤੀਤ ਸਥਿਤੀ ਦਾ ਵਾਹਨ ਮਤਲਬ ਅੰਤਿਮ ਵਾਹਨ, ਜਿਸ ਦਵਾਰਾ ਹੀ ਸੈਕਿੰਡ ਵਿੱਚ ਨਾਲ ਉਡਣਗੇ। ਇਸਦੇ ਲਈ ਸਰਵ ਹਦਾ ਤੋਂ ਪਾਰ ਬੇਹੱਦ ਸਵਰੂਪ ਵਿੱਚ, ਬੇਹੱਦ ਦੇ ਸੇਵਾਧਾਰੀ, ਸਰਵ ਹਦਾ ਦੇ ਉੱਪਰ ਵਿਜੇ ਪ੍ਰਾਪਤ ਕਰਨ ਵਾਲੇ ਵਿਜੇਈ ਰਤਨ ਬਣੋ ਉਦੋ ਹੀ ਅੰਤਿਮ ਕਰਮਾਤੀਤ ਸਵਰੂਪ ਦੇ ਅਨੁਭਵੀ ਬਣੋ